# ਅਧਿਸੂਚਨਾ

ਪਿਆਰੇ ਫ੍ਰੈਂਚਾਇਜ਼ੇਸ (ਆਈਸੀਡਬਲਯੂ),

ਸ਼ੁਭਕਾਮਨਾ !!!!!!

ਆਈਆਰਸੀਟੀਸੀ ਦੁਆਰਾ ਸਾਨੂੰ ਇਹ ਸੂਚਨਾ ਦਿੱਤੀ ਗਈ ਹੈ ਕਿ ਸਾਡੇ ਬਹੁਤ ਸਾਰੇ ਫ੍ਰੈਂਚਾਇਜ਼ੇਸ ਆਈਆਰਸੀਟੀਸੀ ਦੇ ਗਾਹਕਾਂ ਦੇ ਨਾਲ ਵਿਵਹਾਰ ਕਰਦੇ ਵੇਲੇ ਗੈਰਕੰਨੂਨੀ ਅਤੇ ਅਨੈਤਿਕ ਵਿਵਹਾਰ ਕਰਦੇ ਹਨ। ਆਈਆਰਸੀਟੀਸੀ ਦੁਆਰਾ ਸਾਡੇ ਕੋਲ ਦਰਜ ਕਰਵਾਏ ਗਏ ਕੁਝ ਸਾਧਾਰਣ ਗੈਰਕੰਨੂਨੀ ਅਤੇ ਅਨੈਤਿਕ ਵਿਵਹਾਰ ਜੋ ਫ੍ਰੈਂਚਾਇਜ਼ੇਸ ਦੁਆਰਾ ਅਪਨਾਏ ਗਏ ਹਨ, ਹੇਠ ਲਿਖੇ ਅਨੁਸਾਰ ਹਨ :

1. ਗਾਹਕਾਂ ਕੋਲੋਂ ਆਈਆਰਸੀਟੀਸੀ ਦੁਆਰਾ ਪੱਕੀ ਕੀਤੀ ਗਈ ਫੀਸ ਤੋਂ ਅਧਿਕ ਫੀਸ ਚਾਰਜ ਕਰਦੇ ਹਨ,
2. ਟਿਕਟ ਦੇ ਉੱਤੇ ਅਸਲ ਕਿਰਾਏ ਦੇ ਮੁਕਾਬਲੇ ਅਧਿਕ ਕਿਰਾਇਆ ਵਖਾ ਕੇ ਟਿਕਟ ਦੀ ਕੀਮਤ ਨੂੰ ਬਦਲਨਾ/ਸੰਪਾਦਿਤ ਕਰਨਾ,
3. ਇਕ ਯਾਤਰੀ ਦੇ ਰੂਪ ਵਿੱਚ ਆਈਆਰਸੀਟੀਸੀ ਵੈਬ ਪੋਰਟਲ www.irctc.co.in ਤੇ (ਬੀ2 ਸੀ) ਨਕਲੀ ਯੂਜ਼ਰ ਪ੍ਰੋਫਾਇਲ (ਵਿਅਕਤੀਗਤ ਲੱਗ ਇਨ ਆਈਡੀ) ਦੀ ਰਚਨਾ ਕਰਨਾ ਅਤੇ ਉਨ੍ਹਾਂ ਦੇ ਗਾਹਕਾਂ ਲਈ ਤੱਤਕਾਲ ਰੇਲਵੇ ਈ-ਟਿਕਟਾਂ ਦੀ ਬੁਕਿੰਗ ਕਰਨਾ ਅਤੇ ਆਈਆਰਸੀਟੀਸੀ ਵੈਬ ਪੋਰਟਲ ਦਾ ਵਿਵਸਾਇਕ ਇਸਤੇਮਾਲ ਕਰਨਾ ਜੋ ਕਿ ਸਿਰਫ਼ ਗਾਹਕਾਂ ਦੇ ਵਿਅਕਤੀਗਤ ਪ੍ਰਯੋਗ ਲਈ ਬਨਾਇਆ ਗਿਆ ਹੈ,
4. ਵਿਅਕਤੀਗਤ ਲੱਗ ਇਨ ਆਈਡੀਸ ਨੂੰ ਬਨਾਉਣ ਅਤੇ ਉਨ੍ਹਾਂ ਦੇ ਇਸਤੇਮਾਲ ਦੁਆਰਾ ਅਜੇਂਟਾਂ ਲਈ ਪ੍ਰਤਿਬੰਧਿਤ ਸਮੇਂ ਸਵੇਰੇ 8.00 ਵਜੇ ਤੋਂ 9.00 ਵਜੇ ਦੇ ਦੌਰਾਣ ਤੱਤਕਾਲ ਰੇਲਵੇ ਈ-ਟਿਕਟਾਂ ਦੀ ਬੁਕਿੰਗ ਕਰਨਾ
5. ਆਈਆਰਸੀਟੀਸੀ ਵੈਬ ਪੋਰਟਲ ਅਤੇ ਵੈਬ - ਸਰਵਿਸੇਸ ਦੇ ਜਰੀਏ ਆਪਣੇ ਆਪ ਬੁਕਿੰਗ ਲਈ ਗੈਰਕੰਨੂਨੀ ਸੱਫ਼ਟਵੇਅਰ ਦਾ ਇਸਤੇਮਾਲ ਕਰਨਾ
6. ਰੱਦੀਕਰਣ ਦੇ ਬਾਅਦ ਰੀਫ਼ੰਡ ਰਾਸ਼ੀ ਦਾ ਨੱਨ ਰੀਫ਼ੰਡ/ਦੇਰੀ
7. ਪ੍ਰਾਰਥਨਾ/ ਰੱਦੀਕਰਣ ਪਰਚੀਆਂ ਨੂੰ ਨਾ ਭਰਨਾ
8. ਝੂਠੇ ਟੀਡੀਆਰ ਦਾਵੇ ਕਰਨਾ

9. ਆਈਆਰਸੀਟੀਸੀ ਦੁਆਰਾ ਸਮੇਂ ਸਮੇਂ ਤੇ ਜਾਰੀ ਕਰੋ ਅਤੇ ਨਾ ਕਰੋ ਤੇ ਹੋਰ ਨਿਯਮਾਂ ਅਤੇ ਸ਼ਰਤਾਂ ਨੂੰ ਲਾਗੂ ਨਾ ਕਰਨਾ

ਅਸੀ ਤੁਹਾਨੂੰ ਸੂਚਿਤ ਕਰਨਾ ਚਾਂਹਦੇ ਹਾਂ ਕਿ ਉੱਪਰ ਦੱਸੇ ਗਏ ਗਲਤ ਕੰਮਾਂ ਦੀ ਸੂਚੀ ਸਾਫ਼ ਤੌਰ ਤੇ ਕੰਨੂਨ ਦਾ ਉਲੰਘਨ ਹੈ ਅਤੇ ਜੇਕਰ ਤੁਸੀ ਦੋਸ਼ੀ ਪਾਏ ਜਾਂਦੇ ਹੋ ਤਾਂਹ ਹੇਠ ਲਿਖੀ ਧਾਰਾ ਦੇ ਤਹਤ ਕਾਰਵਾਈ ਕੀਤੀ ਜਾ ਸੱਕਦੀ ਹੈ :

1. ਸਬ - ਅਜੇਂਟ ਆਈਡੀ ਦਾ ਸਥਾਈ ਰੱਦੀਕਰਣ ਅਤੇ,
2. ਫੀਸ ਓਵਰਚਾਰਜਿੰਗ ਦੇ ਮਾਮਲੇ ਵਿੱਚ ਅਧਿਕ ਚਾਰਜ ਕੀਤੀ ਗਈ ਰਾਸ਼ੀ ਤੋਂ ਦੁਗਣੇ ਦੀ ਵਸੂਲੀ ਕੀਤੀ ਜਾਏਗੀ ਅਤੇ,
3. ਹਰੇਕ ਮਾਮਲੇ ਵਿੱਚ 20,000 ਰੁ. (ਵੀਹ ਹਜਾਰ ਰੁ. ਸਿਰਫ਼) ਦਾ ਜੁਰਮਾਣਾ ਲਗਾਇਆ ਜਾਏਗਾ ਅਤੇ
4. ਤੁਹਾਡੇ ਖਿਲਾਫ਼ ਸੰਬੰਧਿਤ ਪੁਲਿਸ ਸਟੇਸ਼ਨ ਜਾਂ ਕੰਨੂਨੀ ਯੋਗ ਅਦਾਲਤ ਵਿੱਚ ਐਫ਼ਆਈਆਰ ਲਿਖੀ ਜਾ ਸੱਕਦੀ ਹੈ ਜਾਂ ਉਚਿਤ ਅਪਰਾਧਿਕ ਕਾਰਵਾਈ ਕੀਤੀ ਜਾ ਸੱਕਦੀ ਹੈ ਜਿਸਦੇ ਨਤੀਜੇ ਦੇ ਰੂਪ ਵਿੱਚ ਜੇਲ/ਜੁਰਮਾਣਾ ਜਾਂ ਦੋਹੇਂ ਹੀ ਹੋ ਸੱਕਦੇ ਹਨ।

ਆਈਸੀਡਬਲਯੂ ਜੋ ਉੱਪਰ ਦੱਸੇ ਗਏ ਗਲਤ ਕੰਮਾਂ ਵਿੱਚ ਲੀਨ ਪਾਇਆ ਜਾਏਗਾ, ਉਸਨੂੰ ਉੱਪਰ ਲਿਖੇ ਗਏ ਜੁਰਮਾਨਿਆਂ ਵਿਚੋਂ ਕੋਈ ਵਜਹ ਜਾਂ ਸਾਰੇ ਲਗਾਏ ਜਾਉਣਗੇ।

ਇਨ੍ਹਾਂ ਸਾਰਿਆਂ ਕੰਮਾਂ ਨੂੰ ਰੋਕਨ ਵਿੱਚ ਸਹਾਇਤਾ ਕਰਨ ਲਈ ਅਤੇ ਸਾਨੂੰ ਤੁਹਾਨੂੰ ਜੁਰਮਾਣਾ ਲਗਾਉਣ ਅਤੇ ਤੁਹਾਡਾ ਆਈਡੀ ਰੱਦ ਕਰਨ ਦੀ ਸ਼ਰਮਿੰਦਗੀ ਤੋਂ ਬਚਾਉਣ ਵਿੱਚ ਸਹਾਇਤਾ ਕਰਨ ਲਈ ਤੁਹਾਡੇ ਸਾਰਿਆਂ ਅੱਗੇ ਨਿਵੇਦਨ ਹੈ।

ਧੰਨਵਾਦ

ਇੰਟਰੈਕਟਿਵ ਫ਼ਾਇਨੈਂਸ਼ਿਯਲ ਐਂਡ ਟ੍ਰੇਡਿੰਗ ਸਰਵਿਸੇਸ ਪ੍ਰਾ.ਲਿ. ਲਈ
ਮਿਤਿ : 26/04/2011.